# ASIAN EDUCATIONAL INSTITUTE

## (AN AUTONOMOUS COLLEGE)

**ਪੇਪਰ: ਪੰਜਾਬੀ ਲਾਜ਼ਮੀ**

**PAPER: PUNJABI COMPULSORY**

**ਸਮੈਸਟਰ: ਪਹਿਲਾ**

**ਵਿਸ਼ਾ ਕੋਡ: PBI COM (01)**

**ACADEMIC SESSION 2024-25**

**ਕੁਲ ਅੰਕ : 100**
**ਅੰਦਰੂਨੀ ਮੁਲਾਂਕਣ: 30**
**ਬਾਹਰੀ ਪਰੀਖਿਆ: 70 ਅੰਕ**

**ਵਿਸ਼ੇ ਵਿਚੋਂ ਪਾਸ ਹੋਣ ਲਈ ਅੰਕ: 35**
**ਅੰਕ ਅਧਿਆਪਨ:06 ਪੀਰੀਅਡ ਪ੍ਰਤੀ ਹਫਤਾ**
**ਕੁੱਲ 04 ਕ੍ਰੈਡਿਟ**

### ਪਾਠਕ੍ਰਮ ਅਤੇ ਪਾਠ ਪੁਸਤਕਾਂ

### ਭਾਗ-ੳ

ਭਾਗ-ੳ-1: ਕਹਾਣੀ ਕੀ ਹੁੰਦੀ ਹੈ?

ਨਿੱਕੀ ਕਹਾਣੀ, ਲੰਮੀ ਕਹਾਣੀ, ਮਿੰਨੀ ਕਹਾਣੀ ਦੀ ਬਣਤਰ ਅਤੇ ਆਪਸੀ ਵੱਖਰੇਵਾਂ 12 ਅੰਕ

ਭਾਗ ੳ-2: ਕਥਾ ਪ੍ਰਵਾਹ, ਸੰਪਾ. ਡਾ. ਸ. ਪ ਸਿੰਘ, ਡਾ. ਜਸਵਿੰਦਰ ਸਿੰਘ, ਨੈਸ਼ਨਲ ਬੁੱਕ ਟ੍ਰਸਟ, ਇੰਡੀਆ (ਅਧਿਆਪਕ ਵਿਦਿਆਰਥੀਆਂ ਨੂੰ ਕਹਾਣੀ ਦੇ ਸਾਰ, ਤੱਤ ਸਾਰ, ਵਿਸ਼ੇ ਬਾਰੇ ਦੱਸੇਗਾ ਅਤੇ ਕਹਾਣੀ ਦੀ ਸਾਹਿਤਕ ਕਲਾ ਬਾਰੇ ਜਾਣੂ ਕਰਵਾਏਗਦਾ ਅਤੇ ਨਾਲ ਹੀ ਉਨ੍ਹਾਂ ਨੂੰ ਇਨ੍ਹਾਂ ਬਾਰੇ ਆਪਣੇ ਵਿਚਾਰ ਬਣਾਉਣ ਅਤੇ ਆਪਣਾ ਸਿਰਜਣਾਤਮਕ ਹੁੰਗਾਰਾ ਸਿਰਜਣ ਲਈ ਪ੍ਰੇਰਿਤ ਕਰੇਗਾ।

### ਭਾਗ-ਅ

ਭਾਗ-ਅ 1: ਪੰਜਾਬੀ ਲਿਖਣ ਕਲਾ, ਹੇਠ ਲਿਖੇ ਰੂਪਾਂ ਦਾ ਸਰੂਪ, ਆਪਸੀ ਨਿਖੇੜਾ ਅਤੇ ਵਿਹਾਰਕ ਅਭਿਆਸ

(1) ਪੈਰ੍ਹਾ (2) ਮਿਡਲ (3) ਅਖ਼ਬਾਰੀ ਲੇਖ (4) ਲੇਖ (5) ਪ੍ਰੈਸ ਰਿਪੋਰਟ (6) ਖ਼ਬਰ 12 ਅੰਕ

(ਅੰਦਰੂਨੀ ਮੁਲਾਂਕਣ ਲਈ ਅਸਾਈਨਮੈਂਟ ਦੇ ਤੌਰ 'ਤੇ ਵਿਦਿਆਰਥੀ ਨੂੰ ਇਨ੍ਹਾਂ ਰੂਪਾਂ ਨਾਲ ਸੰਬੰਧਿਤ 50 ਪੰਨਿਆਂ ਦੀ ਸਕਰੈਪ ਬੁੱਕ ਤਿਆਰ ਕਰਨ ਲਈ ਕਿਹਾ ਜਾਵੇਗਾ ਜਿਸ ਵਿਚ ਉਹ ਹਰ ਰੂਪ ਨਾਲ ਸੰਬੰਧਿਤ ਘੱਟ ਤੋਂ ਘੱਟ 4 ਲਿਖਤਾਂ ਲਿਖੇਗਾ ਅਤੇ ਉਸ ਦੇ ਆਧਾਰ 'ਤੇ ਅਸਾਈਨਮੈਂਟ ਦੇ ਅੰਕ ਲਗਾਏ ਜਾਣਗੇ।

ਭਾਗ ਅ 2: ਲੇਖ ਰਚਨਾ: ਸਮਕਾਲ ਨਾਲ ਸੰਬੰਧਿਤ ਸਮਾਜਿਕ ਮਸਲਿਆਂ (ਸਮਾਜਿਕ ਨਿਆਂ, ਲਿੰਗਕ ਬਰਾਬਰੀ, ਧਰਮ-ਨਿਰਪੇਖਤਾ ਅਤੇ ਖੇਤਰਵਾਚ) ਬਾਰੇ, ਸਿੱਖਿਆ ਵਿਚ ਮਾਤ ਭਾਸ਼ਾ ਦੇ ਮਹੱਤਵ ਬਾਰੇ, ਵਿਗਿਆਨ ਸਿੱਖਿਆ ਤੇ ਮਾਤਭਾਸ਼ਾ, ਤਕਨੀਕੀ ਵਿਕਾਸ ਅਤੇ ਵਾਤਾਵਰਣ, ਅਜੋਕੀ ਗੀਤਕਾਰੀ ਵਿਚ ਹਿੰਸਾ, ਜਾਤਪਾਤ ਅਤੇ ਲੱਚਰਤਾ ਬਾਰੇ, ਸਾਈਬਰ-ਕ੍ਰਾਂਤੀ ਅਤੇ ਮਨੁੱਖੀ ਅਧਿਕਾਰਾਂ ਦੇਮਸਲੇ, ਇੰਟਰਨੈੱਟ ਦੇ ਪਾਸਾਰ ਦੀਆਂ ਮੁਸ਼ਕਿਲਾਂ, ਤਕਨੀਕੀ ਵਿਕਾਸ ਅਤੇ ਸਮਾਜਿਕ ਆਰਥਿਕ ਪਿਛਤੇਰਾਂ ਦੇ ਸੰਬੰਧ ਬਾਰੇ, ਆਨਲਾਈਨ ਅਧਿਆਪਨ ਦੀਆਂ ਸਮੱਸਿਆਵਾਂ ਅਤੇ ਸੰਭਾਵਨਾਵਾਂ ਬਾਰੇ, ਸਿੱਖਿਆ ਦੇ ਆਨਲਾਈਨ ਮਾਧਿਅਮ ਦੀਆਂ ਸੰਭਾਵਨਾਵਾਂ ਤੇ ਸੀਮਾਵਾਂ ਬਾਰੇ, ਸਮਾਜਿਕ-ਮੀਡੀਆ ਦੀਆਂ ਸੰਭਾਵਨਾਵਾਂ ਤੇ ਸਮੱਸਿਆਵਾਂ ਬਾਰੇ, ਮੀਡੀਆ ਅਤੇ ਸਭਿਆਚਾਰ ਬਾਰੇ, ਪੰਜਾਬੀ ਸਭਿਆਚਾਰਕ ਵਿਰਾਸਤ ਅਤੇ ਸਭਿਆਚਾਰਕ ਤਬਦੀਲੀ ਬਾਰੇ, ਨੌਜਵਾਨ ਪੀੜ੍ਹੀ ਦੇ ਸੁਪਨੇ ਅਤੇ ਆਦਰਸ਼, ਬੇਰੁਜ਼ਗਾਰੀ ਅਤੇ ਪਰਵਾਸ, ਪੰਜਾਬੀਆਂ ਵਿਚ ਪਰਵਾਸ ਦੇ ਰੁਝਾਨ ਦੇ ਕਾਰਣਾਂ ਬਾਰੇ ਨਿਬੰਧ ਰਚਨਾ। 12 ਅੰਕ

ਭਾਗ-ੲ

ਭਾਗ-ੲ: ਪਾਠਕ੍ਰਮ ਦੇ ਭਾਗ ੳ ਅਤੇ ਭਾਗ ਅ-1 ਦੇ ਪੰਜਾਬੀ ਲਿਖਣ ਕਲਾ) ਵਾਲੇ ਭਾਗ ਵਿਚੋਂ 11 ਸੰਖੇਪ ਉੱਤਰਾਂ ਵਾਲੇ ਪ੍ਰਸ਼ਨ।

22 ਅੰਕ

**ਅੰਕ ਵੰਡ ਅਤੇ ਪੇਪਰ ਸੈੱਟਰ ਲਈ ਹਦਾਇਤਾਂ**

1. ਪਾਠਕ੍ਰਮ ਦੇ ਦੋ ਭਾਗ ੳ ਅਤੇ ਅ ਹਨ ਪਰ ਪ੍ਰਸ਼ਨ ਪੱਤਰ ਦੇ ਤਿੰਨ ਭਾਗ ੳ, ਅ ਅਤੇ ੲ ਹੋਣਗੇ।
2. ਪੇਪਰ ਨੂੰ ਤਿੰਨ ਭਾਗਾਂ ੳ, ਅ ਅਤੇ ੲ ਵਿੱਚ ਵੰਡਿਆ ਜਾਵੇ ਅੱਗੋਂ ੳ ਅਤੇ ਅ ਭਾਗ ਦੇ ਦੋ-ਦੋ ਉਪ-ਭਾਗ ੳ-1, ੲ2, ਅ-1, ਅ-2 ਬਣਾਏ ਜਾਣ।
3. ਭਾਗ ੳ ਦੇ ਪਹਿਲੇ ਉਪ-ਭਾਗ ਵਿਚੋਂ 2 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਇੱਕ ਪ੍ਰਸ਼ਨ ਦਾ ਉਤਰ ਦੇਵੇਗਾ। ਇਹ ਪ੍ਰਸ਼ਨ ਦਿੱਤੇ ਗਏ ਸਾਹਿਤ ਰੂਪਾਂ ਦੇ ਸਰੂਪ, ਤੱਤਾਂ ਬਾਰੇ ਜਾਂ ਇਨ੍ਹਾਂ ਵਿਚਕਾਰ ਸਮਾਨਤਾਵਾਂ ਜਾਂ ਅੰਤਰਾਂ ਬਾਰੇ ਹੋਣਗੇ। 12 ਅੰਕ
4. ਭਾਗ ੳ ਦੇ ਦੂਜੇ ਉਪ ਭਾਗ ਵਿੱਚੋਂ ਤਿੰਨ ਕਹਾਣੀਆਂ ਦੇ ਕੇ ਕਿਸੇ ਇੱਕ ਕਹਾਣੀ ਦਾ ਵਿਸ਼ਾ-ਵਸਤੂ/ਸਾਰ/ਪਾਠਕ ਦਾ ਹੁੰਗਾਰਾ, ਪਾਠਕੀ ਵਿਆਖਿਆ ਕਰਨ ਲਈ ਕਿਹਾ ਜਾਵੇਗਾ। 12 ਅੰਕ
5. ਭਾਗ ਅ ਪਹਿਲੇ ਉਪ ਭਾਗ ਵਿਚ ਦਰਸਾਏ ਗਏ ਲੇਖਣੀ ਰੂਪਾਂ ਦੇ ਸਰੂਪ ਅਤੇ ਇਨ੍ਹਾਂ ਵਿਚਕਾਰ ਨਿਖੇੜੇ ਬਾਰੇ ਤਿੰਨ ਸਵਾਲ ਪੁੱਛੇ ਜਾਣਗੇ। ਇਨ੍ਹਾਂ ਵਿਚੋਂ ਵਿਦਿਆਰਥੀ ਨੂੰ ਕਿਸੇ ਇੱਕ ਸਵਾਲ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 12 ਅੰਕ
6. ਭਾਗ ਅ ਦੇ ਦੂਜੇ ਭਾਗ ਉਪ ਵਿੱਚ ਦਰਸਾਏ ਵਿਸ਼ਿਆਂ ਵਿਚੋਂ ਕਿਸੇ ਵਿਸ਼ੇ ਤੇ ਨਿਬੰਧ ਲਿਖਣ ਲਈ ਕਿਹਾ ਜਾਵੇਗਾ। (ਤਿੰਨ ਵਿੱਚੋਂ ਇੱਕ) 12 ਅੰਕ
7. ਭਾਗ-ੲ ਵਿਚ ਭਾਗ ੳ ਅਤੇ ਭਾਗ ਅ-1 (ਪੰਜਾਬੀ ਲਿਖਣ ਕਲਾ) ਵਿੱਚੋਂ ਸੰਖੇਪ ਉੱਤਰਾਂ ਵਾਲੇ 6 (ਭਾਗ ੳ ਵਿਚੋਂ 3 ਅਤੇ ਭਾਗ ਅ-1 (ਪੰਜਾਬੀ ਲਿਖਣ ਕਲਾ) ਵਿੱਚੋਂ 2) ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦੇਣੇ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ।

11X2=22 ਅੰਕ

## ਸਹਾਇਕ ਪਾਠ-ਸਮੱਗਰੀ

1. ਰਾਜਿੰਦਰਪਾਲ ਸਿੰਘ, ਬਲਦੇਵ ਸਿੰਘ ਚੀਮਾ, ਆਧੁਨਿਕ ਪੰਜਾਬੀ ਸਾਹਿਤ ਰੂਪਾਕਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ

2. ਓਮ ਪ੍ਰਕਾਸ਼ ਵਸਿਸ਼ਟ, ਕੋਸ਼-ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ, ਨੈਨਸੀ ਪਬਲਿਸ਼ਰਜ਼, ਚੰਡੀਗੜ੍ਹ

3. ਪਰਮਜੀਤ ਸਿੰਘ ਸਿੱਧੂ, ਕੋਸ਼ਕਾਰੀ-ਕਲਾ ਅਤੇ ਪੰਜਾਬੀ ਕੋਸ਼ਕਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ

4. ਅਮਰਜੀਤ ਸਿੰਘ ਵੜੈਚ, ਹੁਣ ਤੁਸੀਂ ਖ਼ਬਰਾਂ ਸੁਣੋਂ